ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪਰੈਲ 2020

## ਪੈਰਾ ਰਚਨਾ - ਮਿਲਵਰਤਨ



ਮਿਲਵਰਤਨ ਦੀ ਭਾਵਨਾ ਸਮਾਜ ਦੀ ਬੁਨਿਆਦ ਹੁੰਦੀ ਹੈ। ਮਿਲਵਰਤਨ ਤੋਂ ਬਿਨਾਂ ਕਿਸੇ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਿਲਵਰਤਨ ਦੀ ਭਾਵਨਾ ਪਰਿਵਾਰ ਤੋਂ ਹੀ ਵਿਕਸਿਤ ਹੁੰਦੀ ਹੈ। ਪਰਿਵਾਰ ਦੇ ਮੈਂਬਰਾਂ ਦਾ ਰਲ ਕੇ ਕੰਮ ਨਿਬੇੜਨਾ, ਇਕ ਦੂਜੇ ਦੀ ਖ਼ੁਸ਼ੀ ਅਤੇ ਦੁੱਖ ਨੂੰ ਆਪਣਾ ਸਮਝਣਾ, ਇਸ ਭਾਵਨਾ ਨੂੰ ਪ੍ਰਫੁਲਿਤ ਕਰਦਾ ਹੈ। ਕੋਈ ਵੀ ਮਨੁੱਖ ਇਨ੍ਹਾਂ ਯੋਗ ਨਹੀਂ ਕਿ ਉਹ ਇਕੱਲਾ ਜ਼ਿੰਦਗੀ ਦਾ ਅਨੰਦ ਲੈ ਸਕੇ। ਸਾਡੇ ਸੱਭਿਆਚਾਰ ਵਿੱਚ ਮੇਲੇ, ਤਿਉਹਾਰ ਅਤੇ ਸਮੁੱਚੇ ਰਸਮ-ਰਿਵਾਜ ਮਿਲਵਰਤਨ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕਰਦੇ ਹਨ। ਸਿਆਣਿਆਂ ਦੇ ਕਥਨ ‘ਹੱਥ ਨੂੰ ਹੱਥ ਧੋਂਦਾ ਹੈ’ ਅਤੇ ‘ਬੰਦਾ ਹੀ ਬੰਦੇ ਦਾ ਦਾਰੂ ਹੈ’ ਮਿਲਵਰਤਨ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਮਿਲਵਰਤਨ ਦੁਨੀਆਂ ਦੇ ਵਿਕਾਸ ਦਾ ਆਧਾਰ ਹੈ। ਹਰ ਇੱਕ ਨੂੰ, ਹਰ ਥਾਂ ‘ਤੇ ਕਿਸੇ ਨਾ ਕਿਸੇ ਦੇ ਸਹਿਯੋਗ ਤੇ ਮਿਲਵਰਤਨ ਦੀ ਲੋੜ ਪੈਂਦੀ ਹੈ। ਮਿਲਵਰਤਨ ਦੀ ਜ਼ਿੰਦਗੀ ਦੇ ਨਿੱਜੀ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਦਿ ਹਰ ਖੇਤਰ ਵਿੱਚ ਲੋੜ ਹੈ। ਅਜੋਕੇ ਸਮੇਂ ਵਿੱਚ ਮਿਲਵਰਤਣ ਦਾ ਆਧਾਰ ਪੈਸਾ ਤੇ ਪਦਾਰਥ ਬਣ ਰਿਹਾ ਹੈ ਅਜਿਹਾ ਮਿਲਵਰਤਨ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਹੁੰਦਾ ਹੈ। ਇਸ ਲਈ ਇਹ ਬਹੁਤਾ ਚਿਰ ਨਹੀਂ ਨਿਭਦਾ। ਪਰ ਮਾਨਵਤਾ ਆਧਾਰਿਤ ਮਿਲਵਰਤਨ ਸਦੀਵੀ ਅਤੇ ਸਰਵ-ਵਿਆਪਕ ਹੈ।